ਖਾਲਸਾ ਅਕੈਡਮੀ ਮਹਿਤਾ ਵਿਖੇ ਵਿਗਿਆਨ ਵਿਸ਼ੇ ਸੰਬੰਧੀ ਮੁਕਾਬਲਾ ਕਰਵਾਇਆ

ਚੌਕ ਮਹਿਤਾ • ਪਰਮਿੰਦਰ ਸਿੰਘ

ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ 'ਤੇ ਪ੍ਰਧਾਨ ਸੰਤ ਸਮਾਜ ਅਤੇ ਡਾਇਰੈਕਟਰ ਭਾਈ ਜੀਵਾ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੀ "ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਅਕੈਡਮੀ" ਮਹਿਤਾ-ਚੌਕ ਵਿਖੇ ਬੱਚਿਆਂ ਦੇ ਸਰਵਪੱਖੀ ਵਿਕਾਸ ਨੂੰ ਮੱਦੇਨਜਰ ਰੱਖਦੇ ਹੋਏ ਵਿਗਿਆਨ ਵਿਸ਼ੇ ਸੰਬੰਧੀ ਦਸਵੀਂ ਜਮਾਤ ਦੇ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ ਗਏ ਜਿਹਨਾਂ ਦੀ ਅਗਵਾਈ ਸਾਇੰਸ ਅਧਿਆਪਕ ਪ੍ਰਿੰਸ ਸ਼ਰਮਾਂ ਅਤੇ ਮੈਡਮ ਅਮਨਪ੍ਰੀਤ ਕੌਰ ਵੱਲੋਂ ਕੀਤੀ ਗਈ ।ਇਸ ਮੁਕਾਬਲੇ ਵਿੱਚ ਵਿਗਿਆਰਥੀਆਂ ਨੇ ਬਹੁਤ ਵਧੀਆ ਢੰਗ ਨਾਲ ਚਾਰਟ ਬਣਾ ਕੇ ਆਪਣੇ ਵਿਸ਼ੇ ਦਾ ਪ੍ਰਸਤੁਤੀਕਰਨ ਕੀਤਾ। ਅਧਿਆਪਕਾਂ ਵੱਲੋਂ ਉਹਨਾਂ ਦੁਆਰਾਂ ਚੁਣੇ ਗਏ ਸੰਕਲਪ ਸੰਬੰਧੀ ਪ੍ਰਸ਼ਨ ਪੁੱਛੇ ਗਏ ਅਤੇ ਜੈਸਮੀਨ ਕੌਰ ਨੇ ਪਹਿਲਾ ਸਥਾਨ, ਰਮਨਪ੍ਰੀਤ ਕੌਰ ਨੇ ਦੂਜਾ ਸਥਾਨ ਅਤੇ ਸਾਹਿਬਨੂਰ ਸਿੰਘ ਨੇ ਤੀਸਰਾ ਸਥਾਨ ਹਾਸਿਲ ਕੀਤਾ।

ਸਕੂਲ ਦੇ ਪ੍ਰਿੰਸੀਪਲ ਸ:ਹਰਜੋਤ ਸਿੰਘ ਨੇ ਸਾਰੇ ਬੱਚਿਆਂ ਦੀ ਪ੍ਰਸੰਸ਼ਾ ਕਰਦਿਆਂ ਹੋਇਆਂ ਹੋਰ ਮਿਹਨਤ ਕਰਨ ਅਤੇ ਸਾਰੇ ਵਿਦਿਆਰਥੀਆਂ ਨੂੰ ਅਜਿਹੇ ਮੁਕਾਬਲਿਆਂ ਵਿੱਚ ਭਾਗੀਦਾਰੀ ਲਈ ਪ੍ਰੇਰਿਤ ਕੀਤਾ ।

ਇਸ ਮੌਕੇ ਡਾਇਰੈਕਟਰ ਭਾਈ ਜੀਵਾ ਸਿੰਘ, ਸਕੂਲ ਪ੍ਰਿੰ: ਹਰਜੋਤ ਸਿੰਘ, ਸਕੂਲ ਵਾਈਸ ਪ੍ਰਿੰ: ਮੈਡਮ ਸੁਖਮੀਤ ਕੌਰ, ਕਾਲਜ ਪ੍ਰਿੰ: ਦਿਲਬਾਗ ਸਿੰਘ, ਕਾਲਜ ਵਾਈਸ ਪ੍ਰਿੰ: ਗੁਰਦੀਪ ਸਿੰਘ, ਸੁਪਰਡੈਂਟ ਸ:ਬਾਜ ਸਿੰਘ, ਸੁਪਰਡੈਂਟ ਸ: ਗੁਰਪਿੰਦਰ ਸਿੰਘ, ਸੁਪਰਡੈਂਟ ਸ: ਬਸੰਤ ਸਿੰਘ, ਕਾਲਜ ਸੁਪਰਡੈਂਟ ਮੈ:ਕੁਲਦੀਪ ਕੌਰ, ਅਥਲੈਟਿਕਸ ਕੋਚ ਸ:ਹਰਭਜਨ ਸਿੰਘ, ਹਾਕੀ ਕੋਚ ਸ: ਬਲਜਿੰਦਰ ਸਿੰਘ,ਵਿੰਗ ਇੰਚਾਰਜ ਸ: ਮੋਨਟੋ ਸਿੰਘ, ਸ:ਸੁਖਦੇਵ ਸਿੰਘ, ਮੈਡਮ ਤਾਨੀਆ ਕੌਰ ਮਾਨ, ਮੈਡਮ ਰੁਪਿੰਦਰ ਕੋਰ, ਮੈਡਮ ਜੀਵਨਜੋਤ ਕੋਰ ਅਤੇ ਸਮੂਹ ਸਟਾਫ ਨੇ ਕੰਪੀਟੀਸ਼ਨ ਵਿੱਚ ਹਿੱਸਾ ਲੈਣ ਵਾਲਿਆਂ ਬੱਚਿਆਂ ਦੀ ਹੌਂਸਲਾ ਅਫਜਾਈ ਕੀਤੀ ਅਤੇ ਅੱਗੇ ਤੋ ਵੀ ਇਸ ਤਰ੍ਹਾਂ ਦੇ ਪ੍ਰੋਗਰਾਮ ਉਲੀਕਣ ਬਾਰੇ ਪ੍ਰੇਰਿਆ।

ਖੇਡਾਂ ਵਤਨ ਪੰਜਾਬ 'ਚ ਨਡਾਲਾ ਦੇ ਸਮਾਜ ਸੇਵੀ ਭੁੱਲਰ ਨੇ ਕੀਤੀ ਸ਼ਮੂਲੀਅਤ

ਲੋਹੀਆਂ ਖਾਸ • ਸਵਰਨ ਸਿੰਘ ਚੰਦੀ

ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਚਲਾਈ ਗਈ ਮੁਹਿਮ ਖੇਡਾਂ ਵਤਨ ਪੰਜਾਬ ਦੀਆਂ ਦੇ ਤਹਿਤ ਕਪੂਰਥਲਾ ਦੇ ਪਿੰਡ ਨਡਾਲਾ ਵਿਖੇ ਜਿਲ੍ਹਾ ਖੇਡ ਅਫਸਰ ਅਤੇ ਕਪੂਰਥਲਾ ਪਾਵਰ ਲਿਫਟਿਗ ਐਸੋਸੀਏਸ਼ਨ ਵੱਲੋਂ ਪਾਵਰ ਲਿਫਟਿਗ ਖੇਡ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਖ਼ਾਸ ਤੌਰ 'ਤੇ ਸਮਾਜ ਸੇਵੀ ਰਾਜਿੰਦਰ ਸਿੰਘ ਭੁੱਲਰ ਦੀ ਦੇਖ ਰੇਖ ਹੇਠ ਮੁੱਖ ਮਹਿਮਾਨ ਵਜੋਂ ਜਸਵੀਰ ਸਿੰਘ ਜਲਾਲਪੁਰ ਆਮ ਆਦਮੀ ਪਾਰਟੀ ਵਾਇਸ ਪ੍ਰਧਾਨ ਐਸੀ ਸੀ ਵਿੰਗ ਦੋਆਬਾ ਜੋਨ ਕੋਆਰਡੀਨੇਟਰ, ਸਮਾਜ ਸੇਵੀ ਰਾਜਿੰਦਰ ਸਿੰਘ ਭੁੱਲਰ, ਦਵਿੰਦਰ ਸਿੰਘ ਸਰਪੰਚ, ਮਲਕੀਤ ਸਿੰਘ ਜੱਟ, ਅਰਜਨ ਸਿੰਘ ਚੌਕੀ ਇੰਚਾਰਜ ਨਡਾਲਾ, ਮੈਡਮ ਲਲਿਤਾ ਜਿਲ੍ਹਾ ਪ੍ਰਧਾਨ ਐਸੀ ਸੀ ਵਿੰਗ, ਅਸ਼ੋਕ ਭੱਟੀ ਵਾਇਸ ਪ੍ਰਧਾਨ ਅਤੇ ਹੋਰ ਸਾਥੀਆਂ ਸਮੇਤ ਸ਼ਮੂਲੀਅਤ ਕੀਤੀ ਗਈ।

ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦੂਸਰਾ ਖੂਨਦਾਨ ਕੈਂਪ ਲਗਾ

ਜਲੰਧਰ •ਦਲਵੀਰ ਸਿੰਘ

ਸ਼ਹੀਦ ਬਾਬਾ ਮਤੀ ਸਾਹਿਬ ਜੀ ਸੇਵਾ ਸੁਸਾਇਟੀ ਪਿੰਡ ਡਰੋਲੀ ਕਲ੍ਹਾ ਅਤੇ ਅੰਬੇਡਕਰ ਫੋਰਸ ਪੰਜਾਬ ਦੇ ਸਮੂਹ ਮੈਂਬਰਾਂ ਵਲੋਂ ਪਿੰਡ ਦਾਊਦਪੁਰ ਵਿਖੇ ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦੂਸਰਾ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਹਲਕਾ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੇ ਮੁੱਖ ਮਹਿਨਾਮ ਵਜੋਂ ਸ਼ਿਰਕਤ ਅਤੇ ਨੌਜਵਾਨਾਂ ਦੀ ਖੂਨਦਾਨ ਕਰਨ ਲਈ ਹੋਸਲਾ ਅਫਜਾਈ ਕੀਤੀ। ਉਨ੍ਹਾਂ ਕਿਹਾ ਖੂਨਦਾਨ ਇੱਕ ਮਹਾਂਦਾਨ ਹੈ ਜੋ ਕਿ ਸਾਰਿਆਂ ਨੂੰ ਕਰਨਾਂ ਚਾਹੀਦਾ ਹੈ ਉਨ੍ਹਾਂ ਕਿਹਾ ਇੱਕ ਵਿਆਕਤੀ ਵਲੋਂ ਕੀਤੇ ਖੂਨਦਾਨ ਨਾਲ ਕਈ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ ਇਸ ਲਈ ਹਰ ਇੱਕ ਇਨਸਾਨ ਨੂੰ ਖੂਨਦਾਨ ਕਰਨ ਵਿੱਚ ਪਹਿਲ ਕਦਮੀਂ ਕਰਨੀਂ ਚਾਹੀਦੀ ਹੈ। ਕੈਂਪ ਵਿੱਚ ਪੁੱਜਣ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਦਾ ਪ੍ਰਧਾਨ ਜਸਵੀਰ ਸਿੰਘ ਸਾਬੀ ਪਧਿਆਣਾ, ਭਾਈ ਸੁਖਜੀਤ ਸਿੰਘ ਡਰੋਲੀ ਕਲਾਂ , ਬਾਬਾ ਗੁਰਪ੍ਰੀਤ ਸਿੰਘ ਸਾਰੋਬਾਦ,

ਸੁੱਖੀ ਦਾਉਦਪੁਰੀਆਂ ਵਲੋਂ ਸਨਮਾਨ ਚਿੰਨ ਅਤੇ ਸਿਰੋਪਾਉ ਭੇਟ ਕਰਕੇ ਸ਼੍ਰੀ ਕੋਟਲੀ ਦਾ ਸਨਮਾਨ ਕੀਤਾ। ਭਾਈ ਸੁਖਜੀਤ ਸਿੰਘ ਡਰੋਲੀ ਕਲਾਂ ਨੇ ਕਿਹਾ ਕਿ ਇਹ ਖੂਨਦਾਨ ਕੈਂਪ ਸ਼ਹੀਦ ਬਾਬਾ ਮਤੀ ਸਾਹਿਬ ਜੀ ਸੇਵਾ ਸੁਸਾਇਟੀ ਵਲੋਂ ਪਿਛਲੇ ਕਈ ਸਾਲਾਂ ਤੋਂ ਲਗਾਏ ਜਾ ਰਹੇ ਹਨ ਤੇ ਅੱਜ ਇਸ ਦਾਉਦਪੁਰ ਦੇ ਦੂਸਰੇ ਕੈਂਪ ਵਿੱਚ 45 ਯੂਨਿਟ ਖੂਨਦਾਨ ਹੋਇਆ ਹੈ। ਜੋ ਕਿ ਹੁਸ਼ਿਆਰਪੁਰ ਤੋਂ ਸਤਨਾਮ ਹਸਪਤਾਲ ਦੀ ਟੀਮ ਵਲੋਂ ਇੱਕਤਰ ਕੀਤੀ ਗਿਆ। ਇਸ ਖੂਨਦਾਨ ਕੈਂਪ ਵਿੱਚ ਜਿਥੇ ਨੌਜਵਾਨ ਵੀਰਾਂ ਨੇ ਉਤਸ਼ਾਹ ਦਿਖਾਇਆ ਉਥੇ ਮਹਿਲਾਵਾਂ ਨੇ ਵੀ ਵੱਧ-ਚੱੜ ਕੇ ਖੂਨਦਾਨ ਕੀਤਾ। ਇਸ ਮੌਕੇ ਪ੍ਰਧਾਨ ਜਸਵੀਰ ਸਿੰਘ ਸਾਬੀ ਪਧਿਆਣਾ, ਸੇਵਾਦਾਰ ਭਾਈ ਸੁਖਜੀਤ ਸਿੰਘ, ਅੰਬੇਡਕਰ ਫੋਰਸ ਤੋਂ ਜਿਲਾ ਪ੍ਰਧਾਨ ਕਰਨ ਚੁੰਬਰ, ਆਦਮਪੁਰ ਪ੍ਰਧਾਨ ਸੁਖੀ ਦਾਉਦਪੁਰੀਆ, ਸਰਪੰਚ ਯੂਨੀਅਨ ਦੇ ਪ੍ਰਧਾਨ ਸ਼੍ਰੀ ਕੁਲਵਿੰਦਰ ਬਾਘਾ ਪਿੰਡ ਬੋਲੀਨਾ, ਹਨੀ ਭੱਟੀ, ਰਮਨ ਬੈਂਸ, ਅਮਰਜੀਤ ਸਿੰਘ ਪਧਿਆਣਾ, ਗੁਰਵਿੰਦਰ ਪਧਿਆਣਾ, ਅਕਾਸ਼ ਪਧਿਆਣਾ, ਸਤਨਾਮ ਪਧਿਆਣਾ, ਬੋਬੀ ਪਧਿਆਣਾ, ਮਨੀ ਕਪੂਰ, ਜਿੰਦਪਾਲ, ਹਰਕਮਲ, ਗਾਜੀਪੁਰ ਲਾਈਨਜ ਕਲੱਬ ਹਸ਼ਿਆਰਪੁਰ, ਸਾਬਕਾ ਸਿਵਲ ਸਰਜਨ ਡਾ. ਲਖਵੀਰ ਸਿੰਘ, ਬਲੱਡ ਸੈਂਟਰ ਦੇ ਸਰਪ੍ਰਸਤ ਗੋਰਵ ਗੋਰਾਂ, ਬੱਬੂ ਕੰਦੋਲਾ ਅਤੇ ਹੋਰ ਹਾਜ਼ਰ ਸਨ।

ਮਨਰੇਗਾ ਵਰਕਰਾਂ ਵੱਲੋਂ ਪੰਚਾਇਤ ਅਫ਼ਸਰ ਸ਼ਾਹਕੋਟ ਨੂੰ ਦਿੱਤਾ ਮੰਗ ਪੱਤਰ

ਮਹਿਤਪੁਰ • ਅਜੀਤ ਸਿੰਘ ਰਾਜਿੰਦਰ ਸਿੰਘ ਸੋਨੂੰ

ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸਿੰਕਦਰ ਸੰਧੂ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਰਜਿੰਦਰ ਹੈਪੀ ਦੀ ਅਗਵਾਈ ਹੇਠ ਵੱਖ-ਵੱਖ ਪਿੰਡਾ ਸੈਂਕੜੇ ਮਨਰੇਗਾ ਮਜ਼ਦੂਰਾਂ ਵੱਲੋਂ ਪੰਚਾਇਤ ਅਫਸਰ ਸ਼ਾਹਕੋਟ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਕਾਮਰੇਡ ਸਿਕੰਦਰ ਸੰਧੂ ਨੇ ਕਿਹਾ ਕੀ ਭਗਵੰਤ ਮਾਨ ਦੀ ਸਰਕਾਰ ਵੋਟਾਂ ਤੋਂ ਪਹਿਲਾ ਬੇਰੁਜ਼ਗਾਰੀ ਖਤਮ ਕਰਨ ਦੇ ਬਹੁਤ ਵੱਡੇ-ਵੱਡੇ ਦਾਅਵੇ ਕਰਦੀ ਸੀ। ਪਰ ਹੁਣ ਭਗਵੰਤ ਮਾਨ ਦੇ ਦਾਵਿਆਂ ਦੀ ਫੂਕ ਨਿਕਲਦੀ ਨਜ਼ਰ ਆ ਰਹੀ ਹੈ। ਉਨਾਂ ਕਿਹਾ ਕੀ ਪਿੰਡਾਂ ਵਿੱਚ ਮਜ਼ਦੂਰ ਆਪਣੇ ਘਰਾਂ ਵਿੱਚ ਵਿਹਲੇ ਬੈਠੇ ਹਨ। ਕਿਉਂਕਿ ਸਰਕਾਰ ਨੇ ਹਰ ਕੰਮ ਦਾ ਮਸ਼ੀਨਰੀਕਰਨ ਕਰ ਦਿੱਤਾ ਹੈ ਪਰ ਕੰਮ ਦਾ ਕੋਈ ਬਦਲਵਾ ਪ੍ਰਬੰਧ ਨਹੀਂ ਕੀਤਾ। ਉੱਨਾ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕੀ ਸ਼ਾਹਕੋਟ ਬਲਾਕ ਦੇ ਪਿੰਡਾਂ ਵਿੱਚ ਮਨਰੇਗਾ ਦੇ ਪ੍ਰਾਜੈਕਟ ਬਣਾ ਕੇ ਕੰਮ ਚਲਾਇਆ ਜਾਵੇ। ਜੇਕਰ ਮਜ਼ਦੂਰਾਂ ਨੂੰ ਕੰਮ ਨਾਂ ਮੀਲਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਮਜ਼ਦੂਰਾਂ ਵੱਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਆਗੂ ਵੀਰ ਕੁਮਾਰ , ਸੁਨੀਲ ਕੁਮਾਰ, ਸਵਰਨ ਸਿੰਘ ਕਾਕੜਾ ਆਦਿ ਸ਼ਾਮਿਲ ਹੋਏ।

0 ਤੋਂ ਲੈ ਕੇ 5 ਸਾਲ ਤੱਕ ਦੇ ਬੱਚਿਆਂ ਨੂੰ ਪਲਸ ਪੋਲੀਓ ਬੂੰਦਾਂ ਪਿਲਾਈਆਂ

ਜੰਡਿਆਲਾ ਗੁਰੂ • ਗੋਪਾਲ ਸਿੰਘ ਮਨਜੋਤਰਾ

ਸੀ. ਐਚ. ਸੀ. ਤਰਸਿੱਕਾ ਵਿਖੇ ਸਿਵਲ ਸਰਜਨ ਡਾ. ਚਰਨਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਤੇ ਐਸ.ਐਮ.ਓ ਡਾ. ਹਰਦੀਪ ਕੌਰ ਦੀ ਯੋਗ ਅਗਵਾਈ ਹੇਠ ਪਲਸ ਪੋਲੀਓ 3 ਦਿਨਾਂ ਗਤੀਵਿਧੀ ਦਾ

ਉਦਘਾਟਨ ਕੀਤਾ ਇਸ ਮੌਕੇ ਜ਼ਿਲ੍ਹਾ ਸਿਹਤ ਅਫ਼ਸਰ ਡਾ.ਨਵੀਨ ਖੁੰਗਰ ਨੇ ਤਰਸਿੱਕਾ ਦੀਆਂ ਵੱਖ-ਵੱਖ ਥਾਵਾਂ 'ਤੇ ਬੂਥ ਗਤੀਵਿਧੀ ਦਾ ਨਿਰੀਖਣ ਕੀਤਾ ਅਤੇ ਜੱਬੋਵਾਲ ਅਤੇ ਟਾਂਗਰਾ ਸਬ ਸੈਂਟਰਾਂ ਦੀ ਪ੍ਰਵਾਸੀ ਆਬਾਦੀ ਨੂੰ ਪਲਸ ਪੋਲੀਓ ਬੂੰਦਾਂ ਪਿਲਾਈਆਂ ਪਲਸ ਪੋਲੀਓ ਦੇ ਨੋਡਲ ਅਫਸਰ ਡਾ.ਕੁਲਦੀਪ ਸਿੰਘ ਨੇ ਪ੍ਰਵਾਸੀ ਆਬਾਦੀ ਦੇ ਪ੍ਰਤੀਰੋਧਕ ਸਮੂਹ ਨੂੰ ਆਪਣੇ ਬੱਚਿਆਂ ਨੂੰ ਪੋਲੀਓ ਵੈਕਸੀਨ ਦੀਆਂ ਦੋ ਬੂੰਦਾਂ ਪਿਲਾਉਣ ਲਈ ਪ੍ਰੇਰਿਤ ਕੀਤਾ ਬਲਾਕ ਐਜੂਕੇਟਰ ਕਮਲਦੀਪ ਭੱਲਾ ਨੇ ਦੱਸਿਆ ਕਿ ਇਸ ਐਨ.ਆਈ.ਡੀ ਰਾਊਂਡ ਵਿੱਚ 0 ਤੋਂ 5 ਸਾਲ ਤੱਕ ਦੇ ਕਰੀਬ 12000 ਬੱਚਿਆਂ ਨੂੰ ਪਲਸ ਪੋਲੀਓ ਵੈਕਸੀਨ ਪਿਲਾਈ ਜਾਵੇਗੀ ਜਿਸ ਲਈ ਬਲਾਕ ਪੱਧਰ 'ਤੇ ਕੁੱਲ 148 ਟੀਮਾਂ ਬਣਾਈਆਂ ਗਈਆਂ ਹਨ।ਇਸ ਤਿੰਨ ਦਿਨਾਂ ਗਤੀਵਿਧੀ ਵਿੱਚ ਪਹਿਲੇ ਦਿਨ ਬੂਥ ਪੱਧਰ 'ਤੇ ਪਲਸ ਪੋਲੀਓ ਵੈਕਸੀਨ ਪਿਲਾਈ ਜਾਵੇਗੀ ਅਤੇ ਅਗਲੇ ਦੋ ਦਿਨ ਸਾਰੀਆਂ ਟੀਮਾਂ ਘਰ-ਘਰ ਜਾ ਕੇ 0 ਤੋਂ 5 ਸਾਲ ਦੀ ਉਮਰ ਦੇ ਬੱਚਿਆਂ ਨੂੰ ਕਵਰ ਕਰਨਗੀਆਂ।

ਲੁਟੇਰੇ ਲੜਕੀ ਤੋਂ ਪਰਸ ਖੋਹ ਕੇ ਫ਼ਰਾਰ

ਗੜ੍ਹਸ਼ੰਕਰ • ਜਸਵੀਰ ਝੱਲੀ

ਲੁੱਟ ਖੋਹ ਦੀਆਂ ਵਾਰਦਾਤਾਂ ਵਿਚ ਦਿਨੋਂ ਦਿਨ ਵਾਧਾ ਹੁੰਦਾ ਜਾ ਰਿਹਾ ਹੈ ਅਤੇ ਲੁਟੇਰੇ ਬੇਖੌਫ ਹੋ ਕੇ ਬਿਨਾਂ ਡਰ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। ਗੜ੍ਹਸ਼ੰਕਰ ਏਰੀਏ ਵਿਚ ਲੁੱਟ-ਖੋਹ ਦੀਆਂ ਵਾਰਦਾਤਾਂ ਚ, ਲਗਾਤਾਰ ਵਾਧਾ ਹੁੰਦਾ

ਜਾ ਰਿਹਾ ਹੈ। ਸੋਮਵਾਰ ਸ਼ਾਮ ਸਵਾ ਛੇ ਵਜ਼ੇ ਦੇ ਕਰੀਬ ਸਿਫਾਲੀ ਪੁੱਤਰੀ ਧਰਮਪਾਲ ਵਾਸੀ ਪਦਰਾਣਾਂ ਕੰਮ ਤੋਂ ਆਪਣੇ ਘਰ ਵਾਪਸ ਜਾ ਰਹੀ ਸੀ ਜਦੋਂ ਪਿੰਡ ਪਦਰਾਣਾਂ ਦੇ ਮੋੜ ਤੇ ਪਹੁੰਚੀ ਤਾਂ ਮੇਨ ਰੋਡ ਤੇ ਹੀ 2 ਮੋਟਰਸਾਈਕਲ ਸਵਾਰਾ ਨੇ ਉਸ ਨੂੰ ਸੜਕ ਕਿਨਾਰੇ ਧੱਕਾ ਮਾਰ ਕੇ ਉਸ ਕੋਲੋਂ ਪਰਸ ਖੋਹ ਕੇ ਸੈਲਾ ਖੁਰਦ ਵੱਲ ਨੂੰ ਫਰਾਰ ਹੋ ਗਏ ਅਤੇ ਲੜਕੀ ਜਖਮੀ ਹੋ ਗਈ। ਪਰਸ ਵਿੱਚ ਮੋਬਾਇਲ ਫ਼ੋਨ ਅਤੇ ਟਿਫ਼ਨ ਹੀ ਸੀ। ਸਿਫਾਲੀ ਸੈਲਾ ਖੁਰਦ ਵਿਖੇ ਬੈਸਟਨ ਯੂਨੀਅਨ ਦੀ ਦੁਕਾਨ ਤੇ ਕੰਮ ਕਰਦੀ ਹੈ। ਦਿਨ ਦਿਹਾੜੇ ਲੁੱਟਖੋਹ ਦੀ ਵਾਰਦਾਤ ਨੂੰ ਲੈ ਕੇ ਲੋਕ ਕਾਫੀ ਸਹਿਮੇ ਹੋਏ ਹਨ।

ਪੰਜਾਬ ਨੈਸ਼ਨਲ ਬੈਂਕ
(ਭਾਰਤ ਸਰਕਾਰ ਦਾ ਉੱਪਕਰਮ)
ਸਰਕਲ ਸਾਸਤਰਾ ਸੈਂਟਰ,ਪੀਐਨਬੀ ਹਾਊਸ,ਬੈਂਕ ਸਕੇਅਰ ਸੈਕਟਰ 17-ਬੀ
ਚੰਡੀਗੜ੍ਹ 160017, ਈ-ਮੇਲ : cs8214@pnb.co.in

pnb Oriental United

ਡਿਮਾਂਡ ਨੋਟਿਸ

ਨੋਟਿਸ ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰਸਟ ਐਕਟ 2002 (ਸਰਫੇਸੀ) ਦੇ ਸੈਕਸ਼ਨ 13 (2) ਤਹਿਤ

ਨਿਮਨਲਿਖਤ ਕਰਜ਼ਦਾਰ (ਕਰਜ਼ਦਾਰਾਂ)/ਗਰੰਟਰ (ਗੰਰਟਰਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਜਿਹੜੇ ਬੈਂਕ ਵੱਲੋਂ ਪ੍ਰਾਪਤ ਕੀਤੀਆਂ ਗਈਆਂ ਕਰੈਡਿਟ ਸਹੂਲਤਾਂ ਦਾ ਮੂਲ ਅਤੇ ਵਿਆਜ਼ ਮੋੜਨ ਵਿੱਚ ਨਾਕਾਮਯਾਬ ਰਹੇ ਹਨ ਅਤੇ ਉਪਰੋਕਤ ਸਹੂਲਤਾਂ ਨੂੰ ਨਾਨ-ਪਰਫਾਰਮਿੰਗ ਐਸਟਸ ਕਰਾਰ ਦਿੱਤਾ ਗਿਆ ਹੈ। ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰਸਟ ਐਕਟ 2002 ਦੇ ਸੈਕਸ਼ਨ 13 (2) ਤਹਿਤ ਕਰਜ਼ਦਾਰ (ਕਰਜ਼ਦਾਰਾਂ)/ਗਰੰਟਰ (ਗਰੰਟਰਾਂ) ਨੂੰ ਉਨਾਂ ਦੇ ਆਖਰੀ ਜਾਣੇ ਜਾਂਦੇ ਪਤੇ ਉੱਪਰ ਰਜਿਸਟਰਡ/ਸਪੀਡ ਪੋਸਟ ਰਾਹੀਂ ਨੋਟਿਸ ਭੇਜੇ ਗਏ ਸਨ। ਪਰ ਇਹ ਨੋਟਿਸ ਅਣਵੰਡਿਆ ਵਾਪਿਸ ਮੁੜ ਆਏ ਹਨ ਅਤੇ ਅਧਿਕਾਰਤ ਅਫ਼ਸਰ ਨੂੰ ਕਈ ਕਾਰਨਾਂ ਨਾਲ ਯਕੀਨ ਹੈ ਕੀ ਕਰਜ਼ਦਾਰ (ਕਰਜ਼ਦਾਰਾਂ)/ਗਰੰਟਰ (ਗਰੰਟਰਾਂ) ਵੱਲੋ ਇਨ੍ਹਾਂ ਨੋਟਿਸਾਂ ਨੂੰ ਅਣਗੋਲਿਆ ਗਿਆ ਹੈ, ਇਸ ਲਈ ਉਨਾਂ ਨੂੰ ਉਪਰੋਕਤ ਦੇ ਲਈ ਇਸ ਢੰਗ ਨਾਲ ਪਬਲਿਕ ਨੋਟਿਸ ਰਾਹੀਂ ਸੂਚਿਤ ਕੀਤਾ ਗਿਆ ਹੈ।

ਬਰਾਂਚ ਦਾ ਨਾਮ ਅਤੇ ਕਰਜ਼ਦਾਰ ਅਤੇ ਗਹਿਣੇਕਾਰ	ਗਹਿਣੇ ਰੱਖੀਆਂ ਜਾਇਦਾਦਾਂ ਦਾ ਵੇਰਵਾ	ਐਨਪੀਏ ਮਿਤੀ	ਡਿਮਾਂਡ ਨੋਟਿਸ ਮਿਤੀ	ਡਿਮਾਂਡ ਨੋਟਿਸ ਮੁਤਾਬਿਕ ਰਕਮ	ਕਰਜ਼ਾ ਕਿਸਮ
ਕਰਜ਼ਦਾਰ (1) ਮੈਸਰਜ਼ ਸਟਾਰ ਇੰਜੀਨੀਅਰਿੰਗ ਕਾਰਪੋਰੇਸ਼ਨ ਪਿੰਡ ਕੂਆਂ ਵਾਲਾ ਬਰਵਾਲਾ ਰੋਡ ਡੇਰਾਬੱਸੀ ਪੰਜਾਬ ਰਾਹੀਂ ਇਸ ਦੇ ਕਾਨੂੰਨੀ ਵਾਰਿਸ ਸ਼੍ਰੀਮਤੀ ਨਿਰਮਲਾ ਧਿਮਾਨ, ਸੱਤਵਿੰਦਰ ਧਿਮਾਨ, ਕੁਮਾਰੀ ਰਿਤੂ ਧਿਮਾਨ ਅਤੇ ਕੁਮਾਰੀ	ਜਾਇਦਾਦ ਕੁਰਾਂਵਾਲਾ ਵਿਖੇ ਖੇਵਟ/ਖਤੌਨੀ 92/170 ਅਤੇ 171 ਖਸਰਾ 11/17/1/1 (1-0) ਕਿੱਤੇ 2 ਰਕਬਾ 2 ਬਿੱਘੇ ਹਿੱਸਾ 15/40 ਮਤਲਬ 15 ਬਿਸਵਾ (750 ਵਰਗ ਗਜ) ਹੱਦਬਸਤ 4 ਪਿੰਡ ਕੁਰਾਂਵਾਲਾ